ਵੱਲੋਂ

ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼
ਅਤੇ ਖਪਤਕਾਰ ਮਾਮਲੇ, ਪੰਜਾਬ।

ਸੇਵਾ ਵਿਖੇ

ਸਮੂਹ ਡਿਪਟੀ ਡਾਇਰੈਕਟਰਜ਼ (ਫ) ਅਤੇ ਜ਼ਿਲਾ ਕੰਟਰੋਲਰਜ਼,
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ ਰਾਜ ਵਿੱਚ।

ਮੀਮੋ ਨੰ: 1ਖਵ-(110-ਏ)-2020/2893
ਮਿਤੀ, ਚੰਡੀਗੜ੍ਹ: 7/12/2020

ਵਿਸ਼ਾ: **ਨਵੀਆਂ ਸਸਤੇ ਭਾਅ ਦੀਆਂ ਦੁਕਾਨਾਂ (ਰਾਸ਼ਨ ਡੀਪੂ) ਖੋਲਣ ਸਬੰਧੀ ਪਾਲਿਸੀ।**

ਹਵਾਲਾ ਮੁੱਖ ਦਫਤਰ ਦੇ ਪੱਤਰ ਨੰ:1ਖਵ(110-ਏ)-2016/1284 ਮਿਤੀ 15.06.2016, ਨੰ:1858 ਮਿਤੀ 01.09.2016, ਨੰ:2753 ਮਿਤੀ 25.11.2020 ਅਤੇ ਨੰ:2762 ਮਿਤੀ 26.11.2020 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੀਮੋ ਨੰ:1284-1285 ਮਿਤੀ 15.06.2016 ਰਾਹੀਂ ਜਾਰੀ ਨਵੀਆਂ ਸਸਤੇ ਭਾਅ ਦੀਆਂ ਦੁਕਾਨਾਂ (ਰਾਸ਼ਨ ਡੀਪੂ) ਖੋਲਣ ਸਬੰਧੀ ਪਾਲਿਸੀ ਦੀ ਮੱਦ ੳ(2) ਅਤੇ ਮੀਮੋ ਨੰ:1ਖਵ(110-ਏ)-2016/1858 ਮਿਤੀ 01.09.2016 ਦੀ ਧਾਰਾ 2 (i) ਅਤੇ 2(ii) ਵਿੱਚ ਹੇਠ ਅਨੁਸਾਰ ਸੋਧ ਕੀਤੀ ਜਾਂਦੀ ਹੈ -

"**ਖਾਲੀ ਵਕੈਂਸੀਆਂ ਦੀ ਗਿਣਤੀ**
***ਸ਼ਹਿਰੀ ਅਤੇ ਪੇਂਡੂ, ਦੋਵੇਂ ਇਲਾਕਿਆਂ ਵਿੱਚ,*** *ਵਾਰਡ/ਪਿੰਡ ਲੈਵਲ ਤੇ 200 ਰਾਸ਼ਨ ਕਾਰਡਾਂ ਤੱਕ ਇੱਕ ਵਕੈਂਸੀ ਅਤੇ 200 ਕਾਰਡਾਂ ਤੋਂ ਬਾਅਦ ਦੂਜੀ ਵਕੈਂਸੀ ਗਿਣੀ ਜਾਵੇ। ਜੇਕਰ ਪਹਿਲੇ 200 ਕਾਰਡਾਂ ਉਪਰੰਤ ਦੂਜੇ ਡੀਪੂ ਲਈ ਕਾਰਡ ਘੱਟ ਹੋਣ ਕਾਰਨ ਵਿੱਤੀ ਵਿਹਾਰਿਕਤਾ (Economic Viability) ਨਾ ਬਣਦੀ ਹੋਵੇ ਤਾਂ ਨਵਾਂ ਡੀਪੂ ਖੋਲਣ ਸਬੰਧੀ ਕਮੇਟੀ ਆਪਣੇ ਪੱਧਰ ਤੇ ਫੈਸਲਾ ਕਰੇਗੀ। ਜੇਕਰ ਉਕਤ ਗਿਣਤੀ ਅਨੁਸਾਰ ਰਾਸ਼ਨ ਡੀਪੂਆਂ ਦੀਆਂ ਵਕੈਂਸੀਆਂ ਦੀ ਗਿਣਤੀ ਪਹਿਲਾਂ ਚੱਲਦੇ ਡੀਪੂਆ ਤੋਂ ਘੱਟ ਬਣਦੀ ਹੋਵੇ ਤਾਂ ਪਹਿਲਾਂ ਤੋਂ ਕੰਮ ਕਰ ਰਹੇ ਰਾਸ਼ਨ ਡੀਪੂਆਂ ਨੂੰ ਬਰਕਰਾਰ ਰੱਖਿਆ ਜਾਵੇਗਾ।*
***ਪੇਂਡੂ ਇਲਾਕਿਆਂ ਵਿੱਚ,*** *ਹਰ ਪਿੰਡ ਵਿੱਚ ਘੱਟੋ ਘੱਟ ਇੱਕ ਰਾਸ਼ਨ ਡੀਪੂ ਖੋਲਿਆ ਜਾਵੇਗਾ।*"

**ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼**
**ਅਤੇ ਖਪਤਕਾਰ ਮਾਮਲੇ, ਪੰਜਾਬ।**